Completing Absentee Notes and Notices

# ਗੈਰ-ਹਾਜ਼ਰੀ ਦੀਆਂ ਚਿੱਠੀਆਂ ਲਿਖਣੀਆਂ

ਮਾਪਿਆਂ ਅਤੇ ਸਰਪ੍ਰਸਤਾਂ ਲਈ ਜਾਣਕਾਰੀ

## ਜੇ ਤੁਹਾਡੇ ਬੱਚੇ ਨੂੰ ਸਕੂਲੋਂ ਗੈਰ-ਹਾਜਰ ਹੋਣਾ ਪਵੇ, ਤਾਂ ਇਸ ਬਾਰੇ ਸਕੂਲ ਨੂੰ ਸੂਚਿਤ ਕਰਨਾ ਜ਼ਰੂਰੀ ਹੈ ਅਤੇ ਗੈਰ-ਹਾਜਰੀ ਦਾ ਕਾਰਨ ਦੱਸਣਾ ਵੀ ਜ਼ਰੂਰੀ ਹੈ।

ਵਿਦਿਆਰਥੀਆਂ ਦੀ ਹਾਜਰੀ ਦੇ ਰਕਾਡ ਰੱਖਣ ਦੀ ਜ਼ਿੰਮੇਵਾਰੀ ਕਾਨੂੰਨੀ ਤੌਰ ਤੇ ਪ੍ਰਿੰਸੀਪਲਾਂ ਦੀ ਹੁੰਦੀ ਹੈ।

ਪ੍ਰਿੰਸੀਪਲਾਂ ਨੂੰ ਇਸ ਗਲ ਦਾ ਵੀ ਫੈਸਲਾ ਕਰਨਾ ਪੈਂਦਾ ਹੈ ਕਿ ਗੈਰ-ਹਾਜਰੀ ਦਾ ਦੱਸਿਆ ਕਾਰਨ ਠੀਕ ਹੈ ਜਾਂ ਨਹੀਂ।

ਜਿਥੇ ਵੀ ਹੋ ਸੱਕੇ, ਮਾਪਿਆਂ ਅਤੇ ਸਰਪ੍ਰਸਤਾਂ ਨੂੰ ਦੱਸਿਆ ਜਾਂਦਾ ਹੈ ਕਿ ਉਹ ਬੱਚੇ ਦੇ ਗੈਰ-ਹਾਜਰ ਹੋਣ ਤੋਂ ਪਹਿਲਾਂ ਹੀ ਗੈਰ-ਹਾਜਰੀ ਦਾ ਕਾਰਨ ਦੱਸ ਦੇਣ।

ਸਕੂਲ ਦੇ ਪ੍ਰਿੰਸੀਪਲ ਨੂੰ ਬੱਚੇ ਦੇ ਮਾਪਿਆਂ ਵਲੋਂ ਗੈਰ-ਹਾਜਰੀ ਦੀ ਮਨਜ਼ੂਰੀ ਦੀ ਮੰਗ ਸਬੰਧੀ ਸਵਾਲ ਪੁਛਣ ਦਾ ਹੱਕ ਹੈ। ਪ੍ਰਿੰਸੀਪਲ ਨੂੰ ਬੱਚੇ ਦੀ ਗੈਰ-ਹਾਜਰੀ ਦੇ ਸਬੰਧ ਵਿੱਚ ਦਿਤੇ ਗਏ ਕਾਰਨਾਂ ਬਾਰੇ ਵੀ ਸਵਾਲ ਕਰਨ ਦਾ ਹੱਕ ਹੈ।

ਗੈਰ-ਹਾਜਰੀ ਬਾਰੇ ਕਾਰਨ ਦੱਸਣ ਸਮੇਂ ਮਾਪੇ ਅਤੇ ਸਰਪ੍ਰਸਤ

- ਸਕੂਲ ਨੂੰ ਇੱਕ ਨੋਟ, ਫੈਕਸ ਜਾਂ ਈਮੇਲ ਭੇਜ ਸਕਦੇ ਹਨ
- ਸਕੂਲ ਨੂੰ ਟੈਲੀਫੋਨ ਕਰ ਸਕਦੇ ਹਨ, ਜਾਂ
- ਆਪ ਸਕੂਲ ਜਾ ਸਕਦੇ ਹਨ।

### ਤੇ ਭਾਸ਼ਾਵਾਂ ਵਿੱਚ ਲਿਖੇ ਗੈਰ-ਹਾਜਰੀ ਦੇ ਪੱਤਰ

ਤੁਹਾਡੀ ਵਰਤੋਂ ਲਈ ਦੋ ਭਾਸ਼ਾਵਾਂ ਵਿੱਚ ਲਿਖੇ ਗੈਰ-ਹਾਜ਼ਰੀ ਨੋਟ ਮਿਲ ਸਕਦੇ ਹਨ ਜਿਨ੍ਹਾ ਦੁਆਰਾ ਤੁਸੀਂ ਸਕੂਲ ਨੂੰ ਆਪਣੇ ਬੱਚੇ ਦੀ ਗੈਰ-ਹਾਜ਼ਰੀ ਬਾਰੇ ਸੂਚਿਤ ਕਰ ਸਕਦੇ ਹੋ।

Absentee note 1 (ਗੈਰ-ਹਾਜ਼ਰੀ ਨੋਟ 1)
ਇਸ ਦੀ ਵਰਤੋਂ ਉਸ ਵੇਲੇ ਕਰੋ ਜਦੋਂ ਤੁਹਾਡਾ ਬੱਚਾ ਪੂਰੇ ਇੱਕ ਦਿਨ ਲਈ ਸਕੂਲੋਂ ਗੈਰ-ਹਾਜ਼ਰ ਹੋਇਆ ਹੋਵੇ।

Absentee note 2 (ਗੈਰ-ਹਾਜ਼ਰੀ ਨੋਟ 2)
ਇਸ ਦੀ ਵਰਤੋਂ ਉਸ ਵੇਲੇ ਕਰੋ ਜਦੋਂ ਤੁਹਾਡਾ ਬੱਭਾ ਇਕ ਦਿਨ ਤੋਂ ਵੱਧ ਸਮੇਂ ਲਈ ਸਕੂਲੋਂ ਗੈਰ-ਹਾਜਰ ਹੋਇਆ ਹੋਵੇ।

Absentee note 3 (ਗੈਰ-ਹਾਜ਼ਰੀ ਨੋਟ 3)
ਇਸ ਦੀ ਵਰਤੋਂ ਉਸ ਵੇਲੇ ਕਰਨ ਦੀ ਲੋੜ ਹੈ ਜਦੋਂ ਤੁਹਾਡਾ ਬੱਚਾ ਦਿਨ ਦੇ ਕੁਝ ਸਮੇਂ ਲਈ ਹੀ ਸਕੂਲੋਂ ਗੈਰ-ਹਾਜ਼ਰ ਹੋਇਆ ਹੋਵੇ।

### ਗੈਰ-ਹਾਜਰੀ ਦੇ ਨੋਟਿਸ

ਸਕੂਲ ਨੂੰ ਗੈਰ-ਹਾਜ਼ਰੀ ਦਾ ਨੋਟ ਨਾ ਮਿਲਣ ਤੇ ਉਹ ਤੁਹਾਨੂੰ ਇਕ Absentee Notice ਭੇਜ ਸਕਦੇ ਹਨ

ਪ੍ਰਿੰਸੀਪਲ ਗੈਰ-ਹਾਜਰੀ ਤੋਂ ਦੋ ਦਿਨ ਬਾਦ ਤੱਕ ਗੈਰ-ਹਾਜਰੀ ਦੇ ਕਾਰਨਾਂ ਬਾਰੇ ਨਾ ਪਤਾ ਲੱਗਣ ਤੇ ਮਾਪਿਆਂ ਨੂੰ Absentee Notice ਭੇਜ ਕੇ ਉਨ੍ਹਾਂ ਨਾਲ ਸੰਪਰਕ ਕਰਦੇ ਹਨ। ਇਹ Absentee Notice ਅੰਗਰੇਜ਼ੀ ਵਿੱਚ ਭਰ ਕੇ ਗੈਰ-ਹਾਜ਼ਰੀ ਦੇ ਕਾਰਨ ਦੱਸ ਕੇ ਸਤਾਂ ਦਿਨਾਂ ਦੇ ਅੰਦਰ ਅੰਦਰ ਸਕੂਲੇ ਪਹੁੰਚ ਜਾਣਾ ਚਾਹੀਦਾ ਹੈ।

### ਗੈਰ-ਹਾਜਰੀ ਦੇ ਵੇਰਵੇ ਦਰਜ ਕਰਨੇ

ਗੈਰ-ਹਾਜਰੀ ਨੋਟ ਅਤੇ ਗੈਰ-ਹਾਜਰੀ ਨੋਟਿਸ ਦਿਆਂ ਕਈ ਭਾਗਾਂ ਵਿੱਚ ਤੁਹਾਡੇ ਬੱਚੇ ਦੀ ਗੈਰ-ਹਾਜਰੀ ਜਾਂ ਕੁਝ ਸਮੇਂ ਦੀ ਗੈਰ-ਹਾਜਰੀ ਬਾਰੇ ਵੇਰਵੇ ਲਿਖਣ ਲਈ ਮੰਗ ਕੀਤੀ ਗਈ ਹੈ।

ਸਕੂਲ ਨੂੰ ਤੁਹਾਡੇ ਵਲੋਂ ਦਿਤੇ ਗਏ ਕਾਰਨ ਸਮਝਣ ਲਈ ਇਹ ਸੈਕਸ਼ਨ ਅੰਗਰੇਜ਼ੀ ਵਿੱਚ ਹੀ ਲਿਖੇ ਜਾਣੇ ਚਾਹੀਦੇ ਹਨ। ਕੁੱਝ ਸੰਭਵ ਕਾਰਨ ਹੇਠਾਂ ਦਿੱਤੇ ਗਏ ਹਨ ਅਤੇ ਤੁਹਾਡੀ ਮਦਦ ਲਈ ਇਨ੍ਹਾ ਦਾ ਅੰਗਰੇਜ਼ੀ ਵਿੱਚ ਅਨੁਵਾਦ ਕੀਤਾ ਗਿਆ ਹੈ ਤਾਂ ਜੋ ਤੁਸੀਂ ਇਨਾਂ ਦੀ ਫਾਰਮਾਂ ਉਤੇ ਨਕਲ ਕਰ ਸੱਕੋ।

ਜੇ ਤੁਸੀਂ ਇਸ ਨੋਟ ਨੂੰ ਸਮਝਣ ਵਿੱਚ ਮੁਸ਼ਕਲ ਮਹਿਸੂਸ ਕਰਦੇ ਹੋ, ਜਾਂ ਤੁਹਾਨੂੰ ਗੈਰ-ਹਾਜ਼ਰੀ ਲਈ ਕਾਰਨ ਲਿਖਣਾ ਮੁਸ਼ਕਲ ਜਾਪਦਾ ਹੈ, ਤਾਂ ਸਕੂਲ ਨੂੰ ਟੈਲੀਫੋਨ ਕਰਕੇ ਸਮਝਾ ਦਿਓ। ਜੇ ਤੁਸੀਂ ਸਕੂਲ ਨੂੰ ਟੈਲੀਫੋਨ ਕਰਕੇ ਸਮਝਾ ਚੁੱਕੇ ਹੋ, ਤਾਂ ਫਿਰ ਤੁਹਾਨੂੰ ਇਹ ਲਿਖਤੀ ਨੋਟ ਭੇਜਣ ਦੀ ਲੋੜ ਨਹੀਂ ਹੈ।

### ਟੈਲੀਫੋਨ ਦੁਭਾਸ਼ਿਆਈ (ਇੰਟਰਪ੍ਰੇਟਰ) ਸੇਵਾ

ਜੇ ਤੁਹਾਡੇ ਬੱਚੇ ਦੇ ਸਕੂਲ ਟੈਲੀਫੋਨ ਕਰਨ ਲਈ ਤੁਹਾਨੂੰ ਦੁਭਾਸ਼ੀਏ ਦੀ ਮਦਦ ਚਾਹੀਦੀ ਹੈ, ਤਾਂ ਕ੍ਰਿਪਾ ਕਰਕੇ ਟੈਲੀਫੋਨ ਇੰਟਰਪ੍ਰੇਟਰ ਸਰਵਿੱਸ ਨੂੰ ਇਸ ਨੰਬਰ ਤੇ ਫੋਨ ਕਰੋ 131 450 ਅਤੇ ਆਪਣੀ ਭਾਸ਼ਾ ਵਿੱਚ ਦੁਭਾਸ਼ੀਏ ਦੀ ਮੰਗ ਕਰੋ। ਦੁਭਾਸ਼ੀਆ ਸਕੂਲ ਨੂੰ ਫੋਨ ਕਰਕੇ ਤੁਹਾਡੀ ਗਲਬਾਤ ਵਿੱਚ ਮਦਦ ਕਰੇਗਾ। ਇਹ ਸੇਵਾ ਤੁਹਾਡੇ ਲਈ ਮੁਫਤ ਹੋਵੇਗੀ।

All content copyright
NSW Department of Education

| ਗੈਰ-ਹਾਜਰੀ ਦੇ ਕੁਝ ਸੰਭਵ ਕਾਰਨ | Possible reasons for absence |
|---|---|
| **ਬਿਮਾਰੀਆਂ ਕਾਰਨ** | **Medical reason:** |
| ਫਲੂ | Flu |
| ਪੇਟ ਦਰਦ | Stomach-ache |
| ਟੱਟੀਆਂ ਲਗਣੀਆਂ | Diarrhoea |
| ਨਜ਼ਲਾ, ਜ਼ੁਕਾਮ | Cold |
| ਸਿਰ ਦਰਦ/ਮਾਈਗਰੇਨ | Headache/Migraine |
| ਸਖਤ ਦਰਦ | Strong pain |
| ਬੁਖਾਰ | Fever |
| ਹਡੀ ਟੁਟ ਜਾਣੀ | Broken bone |
| ਉਲਟੀਆਂ ਆਉਣੀਆ | Vomiting |
| ਛੂਤ ਦੀ ਬਿਮਾਰੀ, ਮਿਸਾਲ-ਕਾਕੜਾ | Infectious illness eg chicken pox |
| ਨੱਕੋਂ ਖੂਨ ਵਹਿਣਾ | Nose bleed |
| ਦਮ੍ਹਾ ਰੋਗ | Asthma |
| ਧੱਫੜ | Rash |
| ਸੱਟ | Injury |
| ਡਾਕਟਰ ਨਾਲ ਮੁਲਾਕਾਤ | Medical appointment |
| ਦੰਦਸਾਜ਼ ਨਾਲ ਮੁਲਾਕਾਤ | Dental appointment |
| ਨਜ਼ਰ ਟੈਸਟ ਕਰਨ ਵਾਲੇ ਨਾਲ ਮੁਲਾਕਾਤ | Optometry appointment |
| ਫੀਸਿਓਥੈਰਾਪਿਸਟ ਨਾਲ ਮੁਲਾਕਾਤ | Physiotherapy appointment |
| ਸਪੈਸ਼ਲਿਸਟ ਨਾਲ ਮੁਲਾਕਾਤ | Specialist appointment |
| ਹੋਰ – ਮੈਂ ਸਕੂਲ ਨੂੰ ਟੈਲੀਫੋਨ ਕਰਕੇ ਸਮਝਾਵਾਂਗਾ | Other - I will telephone the school to explain |

| **ਪ੍ਰਵਾਰਕ ਕਾਰਨ** | **Family reason:** |
|---|---|
| ਸਸਕਾਰ ਜਾਂ ਦਫਨ | Funeral |
| ਘਰ ਬਦਲੀ ਕਰਨਾ | Moving residence |
| ਪ੍ਰਦੇਸਾਂ ਵਿਚੋਂ ਕਿਸੇ ਨਜ਼ਦੀਕੀ ਰਿਸ਼ਤੇਦਾਰ ਦਾ ਆਉਣਾ ਜਾਂ ਜਾਣਾ | Arrival or departure of an immediate relative from overseas |
| ਕੋਈ ਨਾ ਰੋਕੀ ਜਾਣ ਵਾਲੀ ਗੰਭੀਰ ਪ੍ਰਵਾਰਕ ਘਟਨਾ | Unavoidable involvement in a serious family incident |
| ਹੋਰ – ਮੈਂ ਸਕੂਲ ਨੂੰ ਟੈਲੀਫੋਨ ਕਰਕੇ ਸਮਝਾਵਾਂਗਾ । | Other - I will telephone the school to explain |

| **ਹੋਰ ਕਾਰਨ** | **Other reason:** |
|---|---|
| ਕਿਸੇ ਕਿਸਮ ਦੀ ਬਦਨਸੀਬੀ, ਜਿਵੇਂ ਅੱਗ ਲਗ ਜਾਣੀ ਜਾਂ ਹੜ | Misadventure and unforeseen events eg fire, flood |
| ਕਿਸੇ ਖਾਸ ਸਮਾਗਮ ਵਿੱਚ ਭਾਗ ਲੈਣਾ, ਮਿਸਾਲ ਵਜੋਂ ਕਿਸੇ ਧਾਰਮਿਕ ਸਮਾਗਮ ਵਿੱਚ ਭਾਗ ਲੈਣਾ | Participation in special event, eg attendance at a religious ceremony |
| ਪ੍ਰਵਾਰ ਨਾਲ ਛੁਟੀ ਜਾਣਾ | Family holiday |
| ਆਉਣ ਜਾਣ ਦੇ ਸਾਧਨਾ ਵਿੱਚ ਮੁਸ਼ਕਲ | Transport difficulty |
| ਨਾ ਰੋਕੀ ਜਾਣ ਵਾਲੀ ਕੋਈ ਮੁਸ਼ਕਲ | Unavoidable delay |
| ਹੋਰ – ਮੈਂ ਸਕੂਲ ਨੂੰ ਟੈਲੀਫੋਨ ਕਰਕੇ ਸਮਝਾਵਾਂਗਾ । | Other - I will telephone the school to explain |